ज़ुमैला हक़ूक़ माफ़ूज़ हैं ←

७२५

# दसन ग़ज़ल

— यानी —

गीत

१ [illegible]

1666G

— मुसन्निफ़ा —

जनाब मु० अहमद बख़्श क़ुरैशी कटड़ा शेर सिंह

— अमृतसर —

— हसब फ़रमाइश —

मु० माज़ीज़ उल दीन नजमुल दीन पुस्तकालये

- बाज़ार कश्मीरी लाहौर -

Original with:
Language Department Punjab
Digitized by:
Panjab Digital Library

# हुसन दा ग़रूर

एडा हुसन ते ग़रूर नहीं हजूर चाहिदा
रखना आशकां दा दिल नहीं रंजूर चाहिदा
जेहड़ा आस करके आवे- शौक आप दा कहावे
दिलां टुटियां ते रैहम ज़रूर चाहि दा
एडा हुसन ते ग़रूर नहीं हजूर चाहिदा
अखां नाल जिस दे लाईये -उस नूं दरदर नारुलाईये
एह नहीं आशकां दे नाल दस्तूर चाहिदा
एडा हुसन ते ग़रूर नहीं हजूर चाहिदा
जेहड़ा दर ते डिग्गे आन-उसदा तोड़िये ना मान
करना आजज़ां ते रैहम हजूर चाहिदा
एडा हुसन ते ग़रूर नहीं हजूर चाहिदा

Original with:
Language Department Punjab
Digitized by:
Panjab Digital Library

दुखां दरदां दे विच भरया। आशक़ होवे फराकों हड्या

करना हिजर ग़मां थीं नहीं चूर चाहिदा

एडा हुसन ते ग़रूर नहीं हुज़ूर चाहिदा

आशक होवे मंदे हाल - उसदा मन्नीये सवाल

करना आजज़ां दा मुआफ़ क़सूर चाहिदा

एडा हुसन ते ग़रूर नहीं हुज़ूर चाहिदा

परदा आशक़ तों ना कराये - रब दे खौफ़ों हरदम डरये

दिलों आशकां नूं रखना नहीं दूर चाहिदा

एडा हुसन ते ग़रूर नहीं हुज़ूर चाहिदा

सदा हुसन ते जवानी - एह कोई दम दी है मेहमानी

रखना फ़ारशी नूं नज़र मंज़ूर चाहिदा

एडा हुसन ते ग़रूर नहीं हुज़ूर चाहिदा

Original with:
Language Department Punjab
Digitized by:
Panjab Digital Library

सवाल व जुवाब

# हीर ~~*~~ रांझा

खेड़िया बोलियां ना मार सानूं तीर लग दे

नाले मेहणियां दा मेहणा तेरे तीर लग दे

हीरे ज़ालिम तेरे मापे - पाये जिन्हां राह सयापे

डाहढा भंडिया उन्हां ने - सानूं विच जग दे

खेड़े जाबस हीरे असीं तेरे की लग दे

तेरी ख़ातिर असां भल्ल जाने सारे जग दे

रांझा तेरे पिछे मरसां - कोई उज़र ना करसां

रोंदी छड के ना जावीं - भांबड़ बाल उग दे

खेड़िया बोलियां ना मार सानूं तीर लगदे

नाले मेहणियां दा मेहणा साडे तीर लगदे

हीरे छड के हज़ारा - तेरी मलल दा दवारा

कीता बारां साल गुज़ारा - बन के चाक वग दे

Original with:
Language Department Punjab
Digitized by:
Panjab Digital Library

खेड़िआं जा वस हीरे असीं तेरे की लगदे
तेरी खातिर असां मन्नी ताने सारे जग दे

गोली बांदी तेरी हुई - मैं तां इश्क तेरे विच मोई
तेरे बिना ना दरदी कोई - साडा जिऊ जग दे

अड़िया बोलियां ना मार सानूं तीर लग दे
नादे खेड़ियां दा मेहना साडे सीने लगदे

तेरे मापियां ने जेहड़े - तेरी खातिर साक मोड़े
ओडक वियाह कीते जान खेड़े जेहड़े वज गज के

खेड़िआं जा वस हीरे असीं तेरे की लग दे
तेरी खातिर असां मन्नी ताने सारे जग दे

जग खेड़ियां नूं लावां ओहना वल कदीं ना जावां
बिनां डिठियां ना तेरे मेरे - नैन रज दे " "

अड़िया बोलियां ना मार सानूं तीर लग दे

Original with:
Language Department Punjab
Digitized by:
Panjab Digital Library

नांदे खेडियां दा मेहना साडे वीरलगदे

तेरे मापियां न कढ़ियां - साडे नाल नेकसरां लयां

धुम्मां जग उत्ते पयां - फिरदे साक लभदे

खेडीं जा वस हीरे असीं तेरे कीलगदे

तेरी ख़ातिर असां भल्ले ताने सारे जगदे

इनशा अल्ला कदी नाहारां-मैं जिन्द जान तेरे तोंवारां

जिन्दगी तेरे नाल गुज़ारां - सब झूठे बोल जग दे

अडिया जोलियां ना मार सानूं तीरलगदे

नांदे खेडियां दा मेहना साडे वीरलगदे

मझें बारां साल चिरायां - फाह्यां इशक तेरे नेपायां

तेरे मापियां कसायां - कढ्या नाल पज दे

खेडीं जा वस हीरे असीं तेरे कीलगदे

तेरी ख़ातिर असां भल्ले ताहने सारे जगदे

Original with:
Language Department Punjab
Digitized by:
Panjab Digital Library

मैनूं रौंदी ना छड जावीं - ते कुझ तरस खुदादा खावीं
ज्योंदी जान गोर विच पावीं - मन्नीं नाम रब दे ॥

भाडियां बोलियां ना मार सानूं तीर लग दे
ना देह खेडियां दा मेहना साडे वीर लगदे

असीं आजिज़ होए निताने - ते तूं जा हुए बैठ टिकाने
साडी सार खुदा बन्द जाने - बन गये वैरजग दे ।
खेडीं जा बस हीरे असीं तेरे की लगदे
तेरी खातिर असा भले ताने सारे जग दे

"फकीरी" कर रही जतन बथेरे - साडे बन गये दुशमन मेरे
तिथीं वार खोल सब खेड़े - सद्दां विच अग दे

भाडियां बोलीयां ना मार सानू तीर लग दे
नादे खेड़ियां दा मेहना साडे वीर लगदे

Original with:
Language Department Punjab
Digitized by:
Panjab Digital Library

हर तरां दियां

# पुस्तकां

उर्दू विच

# किस्से * नावल

और

सामान स्टेशनरी अते

सकूलां दियां किताबां। कापियां

मिलन दा पता

मु० अजिजुदीन नजमुलदीन

पुस्तकां वाले

बज़ार कश्मीरी लाहौर

Original with:
Language Department Punjab
Digitized by:
Panjab Digital Library